IMMIGRATION
ADVISERS AUTHORITY

# ਸਿੱਖਿਆ ਪ੍ਰਤੀਨਿਧਾਂ ਲਈ ਫੈਕਟਸ਼ੀਟ:

## ਜਦੋਂ ਤੁਹਾਡੇ ਕਲਾਇੰਟ ਨੂੰ ਇਮੀਗ੍ਰੇਸ਼ਨ ਬਾਰੇ ਸਲਾਹ ਦੀ ਲੋੜ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ

ਇਮੀਗ੍ਰੇਸ਼ਨ ਬਾਰੇ ਸਲਾਹ ਦੇਣਾ ਇੱਕ ਲਾਇਸੈਂਸਸ਼ੁਦਾ, ਮਾਨਤਾ-ਪ੍ਰਾਪਤ ਪੇਸ਼ਾ ਹੈ। ਕੋਈ ਵੀ ਵਿਅਕਤੀ ਜੋ ਨਿਊਜ਼ੀਲੈਂਡ ਦੇ ਮਾਮਲਿਆਂ ਬਾਰੇ ਸਲਾਹ ਪ੍ਰਦਾਨ ਕਰਦਾ ਹੋਵੇ, ਲਾਇਸੈਂਸਸ਼ੁਦਾ ਹੋਣਾ ਲਾਜ਼ਮੀ ਹੈ, ਸਿਵਾਏ ਜੋ ਕਿ ਮੁਕਤ ਹੈ।

ਜੇਕਰ ਤੁਸੀਂ ਲਾਇਸੈਂਸਸ਼ੁਦਾ ਜਾਂ ਮੁਕਤ ਨਹੀਂ ਹੋ ਅਤੇ ਤੁਸੀਂ ਇਮੀਗ੍ਰੇਸ਼ਨ ਬਾਰੇ ਸਲਾਹ ਪ੍ਰਦਾਨ ਕਰਦੇ ਹੋ, ਤਾਂ ਤੁਹਾਨੂੰ 100,000 ਨਿਊਜ਼ੀਲੈਂਡ ਡਾਲਰ ਤੱਕ ਦਾ ਜੁਰਮਾਨਾ ਅਤੇ/ਜਾਂ ਸੱਤ ਸਾਲਾਂ ਤੱਕ ਦੀ ਕੈਦ ਹੋ ਸਕਦੀ ਹੈ, ਭਾਵੇਂ ਤੁਸੀਂ ਸਲਾਹ ਦੇਣ ਲਈ ਫ਼ੀਸ ਵੀ ਨਾ ਲੈਂਦੇ ਹੋਵੋ।

ਇੱਕ ਸਿੱਖਿਆ ਪ੍ਰਤੀਨਿਧ ਦੇ ਤੌਰ ਤੇ ਤੁਸੀਂ ਕੇਵਲ ਉਦੋਂ **ਮੁਕਤ** ਹੋ ਜੇਕਰ:

- ਤੁਸੀਂ ਨਿਊਜ਼ੀਲੈਂਡ ਤੋਂ ਬਾਹਰ ਹੋ ਅਤੇ ਤੁਸੀਂ ਕੇਵਲ **ਸਟੂਡੈਂਟ ਵੀਜ਼ਿਆਂ** ਬਾਰੇ ਸਲਾਹ ਦਿੰਦੇ ਹੋ।

ਇੱਕ ਸਿੱਖਿਆ ਪ੍ਰਤੀਨਿਧ ਦੇ ਤੌਰ ਤੇ ਤੁਸੀਂ ਕੇਵਲ ਉਦੋਂ **ਮੁਕਤ ਨਹੀਂ** ਹੋ ਜੇਕਰ:

- ਤੁਸੀਂ ਨਿਊਜ਼ੀਲੈਂਡ ਵਿੱਚ ਹੋ, ਭਾਵੇਂ ਤੁਸੀਂ ਕੇਵਲ ਸਟੂਡੈਂਟ ਵੀਜ਼ਿਆਂ ਬਾਰੇ ਸਲਾਹ ਦਿੰਦੇ ਹੋਵੋ।
- ਤੁਸੀਂ ਕੰਮਕਾਰ, ਵਿਜ਼ੀਟਰ, ਰੈਜ਼ੀਡੈਂਸ, ਜਾਂ ਹੋਰ ਇਮੀਗ੍ਰੇਸ਼ਨ ਮਾਮਲਿਆਂ ਬਾਰੇ ਸਲਾਹ ਦਿੰਦੇ ਹੋਵੋ, ਨਿਊਜ਼ੀਲੈਂਡ ਦੇ ਵਿੱਚ ਜਾਂ ਬਾਹਰੋਂ।

## ‘ਇਮੀਗ੍ਰੇਸਨ ਬਾਰੇ ਸਲਾਹ’ ਤੋਂ ਕੀ ਭਾਵ ਹੈ?

**ਇਮੀਗ੍ਰੇਸ਼ਨ ਅਡਵਾਇਜ਼ਰਸ ਲਾਇਸੈਂਸਿੰਗ ਐਕਟ 2007** (ਇਕ ਅਧਿਨਿਯਮ) ਵਿੱਚ ਇਮੀਗ੍ਰੇਸ਼ਨ ਬਾਰੇ ਸਲਾਹ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ:

“ਸਲਾਹ ਦੇਣ ਲਈ, ਦਿਸ਼ਾ ਨਿਰਦੇਸ਼ ਕਰਨ, ਸਹਿਯੋਗ ਦੇਣ, ਜਾਂ ਨਿਊਜ਼ੀਲੈਂਡ ਸਬੰਧੀ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਕਿਸੇ ਹੋਰ ਨੂੰ ਪਸ਼ਿ ਕਰਨ ਲਈ ਇਮੀਗ੍ਰੇਸ਼ਨ ਦੇ ਤਜੁਰਬੇ ਜਾਂ ਗਿਆਨ ਦੀ ਵਰਤੋਂ ਕਰਨਾ, ਭਾਵੇਂ ਸਿੱਧੇ ਜਾਂ ਅਸਿੱਧੇ ਤੌਰ ਤੇ ਅਤੇ ਕਿਸੀ ਫਾਇਦੇ ਜਾਂ ਇਨਾਮ ਲਈ”।

ਐਕਟ ਇਹ ਪੁਸ਼ਟੀ ਕਰਦਾ ਹੈ ਕਿ ‘ਇਮੀਗ੍ਰੇਸ਼ਨ ਬਾਰੇ ਸਲਾਹ’ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਿਲ ਨਹੀਂ ਹੁੰਦੀਆਂ:

- ਉਹ ਜਾਣਕਾਰੀ ਪ੍ਰਦਾਨ ਕਰਨਾ ਜੋ ਕਿ **ਜਨਤਕ ਤੌਰ ਤੇ ਉਪਲਬਧ ਹੋਵੇ**, ਜਾਂ ਮਿਨੀਸਟਰੀ ਆੱਫ ਬਿਜ਼ਨਸ, ਇੰਨੋਵੇਸ਼ਨ ਐਂਡ ਇੰਮਪਲਾਇਮੈਂਟ ਦੁਆਰਾ ਜਿਸ ਦੀ ਤਿਆਰੀ ਕੀਤੀ ਗਈ ਹੋਵੇ ਜਾਂ ਉਪਲਬਧ ਕੀਤੀ ਗਈ ਹੋਵੇ, ਉਦਾਹਰਣ ਵਜੋਂ, **ਇਮੀਗ੍ਰੇਸ਼ਨ ਨਿਊਜ਼ੀਲੈਂਡ (INZ) ਦੀ ਵੈੱਬਸਾਈਟ**, ਤੋਂ ਪ੍ਰਿੰਟ ਕੱਢਣੇ ਅਤੇ ਜਾਣਕਾਰੀ ਪ੍ਰਦਾਨ ਕਰਨਾ
- ਵਿਅਕਤੀ ਨੂੰ ਇਨ੍ਹਾਂ ਗੱਲਾਂ ਬਾਰੇ ਦੱਸਣਾ:
  - ਇਮੀਗ੍ਰੇਸ਼ਨ ਦਾ ਮੰਤਰੀ
  - ਮਿਨੀਸਟਰੀ ਆੱਫ ਬਿਜ਼ਨਸ, ਇੰਨੋਵੇਸ਼ਨ ਐਂਡ ਇੰਮਪਲਾਇਮੈਂਟ (ਜਿਸ ਵਿੱਚ INZ ਵੀ ਸ਼ਾਮਿਲ ਹੈ)
  - ਇਮੀਗ੍ਰੇਸ਼ਨ ਅਧਿਕਾਰੀ, ਜਾਂ ਸ਼ਰਨਾਰਥੀ ਅਤੇ ਰੱਖਿਆ ਅਧਿਕਾਰੀ
  - **ਲਾਇਸੈਂਸਸ਼ੁਦਾ ਇਮੀਗ੍ਰੇਸ਼ਨਸਲਾਹਕਾਰਾਂ ਦੀ ਸੂਚੀ**
- ਦਫਤਰੀ ਕੰਮ, ਸੈਟਲਮੈਂਟ ਸੇਵਾਵਾਂ ਜਾਂ ਅਨੁਵਾਦ ਜਾਂ ਵਿਆਖਿਆ ਕਰਨੀ ਸਬੰਧੀ ਸੇਵਾਵਾਂ।

ਐਕਟ ਵਿੱਚ ਦਫਤਰੀ ਕੰਮ ਦੀ ਪਰਿਭਾਸ਼ਾ ਦਿੱਤੀ ਗਈ ਹੈ ਅਤੇ ਇਹ ਉਹ ਮਾਮਲਿਆਂ ਤੱਕ ਸੀਮਿਤ ਹੈ ਜਿੱਥੇ ਰਿਕਾਰਡਿੰਗ, ਪ੍ਰਬੰਧ ਕਰਨਓ, ਜਾਣਕਾਰੀ ਨੂੰ ਸਟੋਰ ਕਰਕੇ ਰੱਖਣਾ ਜਾਂ ਦੁਬਾਰਾ ਕੱਡਣਾ, ਕੰਪਿਊਟਰ ਤੇ ਕਮ ਜਾਂ ਡੇਟਾ ਐਂਟਰੀ, ਜਾਂ ਕਿਸੇ ਵੀ ਰੂਪ ਵਿੱਚ ਕਿਸੇ ਦੀ ਜਗਾਹ ਅਤੇ ਕਿਸੇ ਹੋਰ ਵਿਅਕਤੀ ਦੇ ਨਿਰਦੇਸ਼ ਹੇਠ ਜਾਣਕਾਰੀ ਨੂੰ ਰਿਕਾਰਡ ਕਰਨਾ ਸ਼ਾਮਿਲ ਹੁੰਦੇ।

ਇਸ ਲਈ ਤੁਸੀਂ ਇਮੀਗ੍ਰੇਸ਼ਨ ਲਈ ਦਰਖ਼ਾਸਤ ਭਰ ਸਕਦੇ ਹੋ ਜੇਕਰ ਤੁਸੀਂ ਕੇਵਲ ਉਹ ਜਾਣਕਾਰੀ ਦਾ ਰਿਕਾਰਡ ਰੱਖ ਰਹੇ ਹੋ ਜੋ ਤੁਹਾਨੂੰ ਵਿਦਿਆਰਥੀ ਦੁਆਰਾ ਦਿੱਤੀ ਗਈ ਹੈ।

ਇਸ ਤਰ੍ਹਾਂ, ਜੇਕਰ ਤੁਸੀਂ ਇਮੀਗ੍ਰੇਸ਼ਨ ਦੇ ਮਾਮਲਿਆਂ ਵਿੱਚ ਸਲਾਹ ਦੇਣ, ਸਹਿਯੋਗ ਦੇਣ, ਦਿਸ਼ਾ ਨਿਰਦੇਸ਼ ਜਾਂ ਵਿਦਿਆਰਥੀ ਨੂੰ ਪੇਸ਼ ਕਰਨ ਲਈ ਆਪਣੇ ਨਿੱਜੀ ਤਜੁਰਬੇ ਨਾਲ ਆਪਣੀ ਜਾਣਕਾਰੀ ਨੂੰ ਵਰਤਦੇ ਹੋ, ਤਾਂ ਤੁਸੀਂ “ਇਮੀਗ੍ਰੇਸ਼ਨ ਬਾਰੇ ਸਲਾਹ” ਦੇ ਰਹੇ ਹੋਵੋਗੇ। ਇਸ ਵਿੱਚ ਸ਼ਾਮਿਲ ਹੋ ਸਕਦਾ ਹੈ, ਉਦਾਰਣ ਵਜੋਂ:

- ਵਿਦਿਆਰਥੀ ਨੂੰ ਸਲਾਹ ਦੇਣਾ ਕਿ ਉਹ ਕਿਹੜੇ ਵੀਜ਼ੇ ਲਈ ਯੋਗ ਹੈ
- ਵਿਦਿਆਰਥੀ ਨੂੰ ਸਲਾਹ ਦੇਣਾ ਕਿ ਦਰਖ਼ਾਸਤ ਲਈ ਫ਼ਾਰਮ ਵਿੱਚ ਸਭ ਤੋਂ ਬਹਿਤਰ ਤਰੀਕੇ ਨਾਲ ਸਵਾਲਾਂ ਦੇ ਜਵਾਬ ਕਿਵੇਂ ਦੇਣੇ ਹਨ, ਜਾਂ ਦਰਖ਼ਾਸਤ ਦੇ ਨਾਲ ਸਭ ਤੋਂ ਬਹਿਤਰ ਹੋਰ ਵਾਧੂ ਜਾਣਕਾਰੀ ਕੀ ਸ਼ਾਮਿਲ ਕੀਤੀ ਜਾ ਸਕਦੀ ਹੈ
- ਦਰਖ਼ਾਸਤ ਨਾਲ ਸੰਮਿਲਿਤ ਕਰਨ ਲਈ ਕਵਰਿੰਗ ਲੈਟਰ ਲਿਖਣਾ
- ਉਨ੍ਹਾਂ ਦੇ ਪ੍ਰਤੀਨਿਧੀ ਹੋਣ ਵਾਂਗ ਦਿਖਾਵਾ ਕਰਨਾ।

ਜੇ ਤੁਹਾਡੇ ਇਸ ਬਾਰੇ ਸਵਾਲ ਹਨ ਕਿ ਤੁਸੀਂ ਬਿਨਾ ਲਾਇਸੈਂਸ ਤੋਂ ‘ਇਮੀਗ੍ਰੇਸ਼ਨ ਬਾਰੇ ਸਲਾਹ’ ਪ੍ਰਦਾਨ ਕਰ ਰਹੇ ਹੋ, ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਜਾਂ ਲਾਇਸੈਂਸ ਬਣਵਾਉਣ ਬਾਰੇ ਸੋਚਣਾ ਚਾਹੀਦਾ ਹੈ।

info@iaa.govt.nz    www.iaa.govt.nz    0508 422 422

MINISTRY OF BUSINESS, INNOVATION & EMPLOYMENT
HĪKINA WHAKATUTUKI

New Zealand Government

IMMIGRATION ADVISERS AUTHORITY

ENZRA ਹੋਣ ਦਾ ਇਹ ਮਤਲਬ ਨਹੀਂ ਕਿ ਤੁਸੀਂ ਬਿਨਾਂ ਲਾਇਸੈਂਸ ਤੋਂ ਵਿਦਿਆਰਥੀ ਨੂੰ 'ਇਮੀਗ੍ਰੇਸ਼ਨ ਬਾਰੇ ਸਲਾਹ' ਦੇ ਸਕਦੇ ਹੋ।

ਇੱਕ ਸਿੱਖਿਆ ਪ੍ਰਤੀਨਿਧੀ ਦੇ ਤੌਰ ਤੇ, ਅਸੀਂ ਸਮਝਦੇ ਹਾਂ ਕਿ ਕੋਈ ਐਸੇ ਸਮੇਂ ਵੀ ਹੋਣਗੇ ਜਦੋਂ ਤੁਹਾਡੇ ਕਲਾਇੰਟ ਨੂੰ 'ਇਮੀਗ੍ਰੇਸ਼ਨ ਬਾਰੇ ਸਲਾਹ' ਦੀ ਲੋੜ ਹੁੰਦੀ ਹੈ। ਇਸ ਸੂਰਤ ਵਿੱਚ, ਤਿੰਨ ਵਿਕਲਪ ਹਨ:

1. **ਤੁਸੀਂ ਜਾਂ ਤੁਹਾਡੇ ਸਟਾਫ਼ ਵਿੱਚੋਂ ਕੋਈ ਵਿਅਕਤੀ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਅਡਵਾਇਜ਼ਰ ਬਣ ਸਕਦਾ ਹੈ**

**ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਅਡਵਾਇਜ਼ਰ ਕਿਵੇਂ ਬਣਨਾ ਹੈ**, ਇਸਦੇ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਇਟ ਤੇ ਜਾਓ ਜਾਂ ਸਾਡੇ ਨਾਲ ਸੰਪਰਕ ਕਰੋ।

**ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ**

ਸਾਡੇ ਨਾਲ ਸੰਪਰਕ ਕਰੋ:
ਨਿਊਜ਼ੀਲੈਂਡ ਫ੍ਰੀ-ਫੋਨ 0508 422 422
ਨਿਊਜ਼ੀਲੈਂਡ ਤੋਂ ਬਾਹਰੋਂ +64 9 925 3838
ਈਮੇਲ info@iaa.govt.nz
**www.iaa.govt.nz** 'ਤੇ ਜਾਓ

2. **ਤੁਸੀਂ ਜਾਂ ਤੁਹਾਡਾ ਕਲਾਇੰਟ, ਸਲਾਹਕਾਰ ਨੂੰ ਵਚਨਬੱਧ ਹੋ ਸਕਦਾ ਹੈ ਜੋ ਕਿ ਲਾਇਸੈਂਸਸ਼ੁਦਾ ਜਾਂ ਮੁਕਤ ਹੈ**

ਹੇਠ ਲਿਖੇ ਲੋਕ ਤੁਹਾਡੇ ਵਿਦਿਆਰਥੀ ਨੂੰ ਕਿਸੇ ਵੀ ਇਮੀਗ੍ਰੇਸ਼ਨ ਬਾਰੇ ਸਲਾਹ ਲਈ ਸਹਿਯੋਗ ਦੇ ਸਕਦੇ ਹਨ, ਜੋ ਵੀ ਉਨ੍ਹਾਂ ਨੂੰ ਜ਼ਰੂਰਤ ਹੋਵੇ:

- ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ – **ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਇੱਕ ਜਨਤਕ ਸੂਚੀ ਇਮੀਗ੍ਰੇਸ਼ਨ ਅਡਵਾਇਜ਼ਰਜ਼ ਅਥਾਰਿਟੀ** ਦੀ ਵੈੱਬਸਾਇਟ ਤੇ ਉਪਲੱਬਧ ਹੈ
- ਉਹ ਵਿਅਕਤੀ ਜੋ ਲਾਇਸੈਂਸ ਪ੍ਰਾਪਤ ਕਰਨ ਦੀਆਂ ਜ਼ਰੂਰਤਾਂ ਤੋਂ ਮੁਕਤ ਹੈ, ਜਿਵੇਂ ਕਿ ਵਕੀਲ, ਜਿਸ ਕੋਲ ਨਿਊਜ਼ੀਲੈਂਡ ਪ੍ਰੈਕਟਿਸਿੰਗ ਸਰਟੀਫ਼ਿਕੇਟ ਹੈ – **ਨਿਊਜ਼ੀਲੈਂਡ ਕਾਨੂੰਨ ਸੁਸਾਇਟੀ ਦੀ ਵੈੱਬਸਾਇਟ** 'ਤੇ ਵਕੀਲ ਦੀ ਭਾਲ ਕਰੋ।

**ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਬਣਨ ਬਾਰੇ ਦਿਸ਼ਾ-ਨਿਰਦੇਸ਼ ਲਈ** ਅਤੇ **ਮੁਕਤ ਸੰਸਥਾਵਾਂ** ਦੇਖਣ ਲਈ ਇਮੀਗ੍ਰੇਸ਼ਨ ਅਡਵਾਇਜ਼ਰ ਅਥਾਰਿਟੀ ਦੀ ਵੈੱਬਸਾਇਟ 'ਤੇ ਜਾਓ।

3. **ਆਪਣੇ ਕਲਾਇੰਟ ਨੂੰ ਸਲਾਹ ਦਿਓ ਕਿ ਉਹ INZ ਤੋਂ ਮੁਫ਼ਤ ਵਿੱਚ ਸਹਿਯੋਗ ਲੈ ਕੇ ਆਪਣੀ ਦਰਖ਼ਾਸਤ ਖ਼ੁਦ ਤਿਆਰ ਕਰ ਸਕਦੇ ਹਨ**

**INZ ਦੀ ਵੈੱਬਸਾਇਟ ਤੋਂ** ਤੁਹਾਡਾ ਵਿਦਿਆਰਥੀ ਇਨ੍ਹਾਂ ਚੀਜ਼ਾਂ ਨੂੰ ਦੇਖ ਸਕਦਾ ਹੈ:

- **ਦਿਸ਼ਾ-ਨਿਰਦੇਸ਼ ਨਾਲ ਸੰਮਿਲਿਤ ਵੀਜ਼ਾ ਦਰਖ਼ਾਸਤ ਫ਼ਾਰਮ**
- **INZ ਦੇ ਗਿਆਨ ਵਾਲੇ ਸਵਾਲ ਅਤੇ ਜਵਾਬ**
- **ਵੀਜ਼ਾ ਦਰਖ਼ਾਸਤ ਦੀ ਪ੍ਰਕਿਰਿਆ ਬਾਰੇ ਜਾਣਕਾਰੀ**
- **ਦਸਤਾਵੇਜ਼ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਇਕੱਤਰ ਕਰਨ ਬਾਰੇ ਦਿਸ਼ਾ-ਨਿਰਦੇਸ਼**
- **INZ ਦੀ ਕਾਰਜ-ਪ੍ਰਣਾਲੀ ਮੈਨੂਅਲ**
- **INZ ਤੋਂ ਈਮੇਲ ਜਾਂ ਫ਼ੋਨ 'ਤੇ** ਸਲਾਹ।



MINISTRY OF BUSINESS, INNOVATION & EMPLOYMENT
HĪKINA WHAKATUTUKI
New Zealand Government